This Question Paper consists of **24 questions** and **5 printed pages**.
ਇਸ ਪ੍ਰਸ਼ਨ-ਪੱਤਰ ਵਿੱਚ **24 ਪ੍ਰਸ਼ਨ** ਅਤੇ **5 ਮੁਦਰਿਤ** ਪੰਨੇ ਹਨ ।

| Roll No. ਰੋਲ ਨੰ: ਅੰਕਾਂ ਵਿਚ | | | | | | | | | | | | |
|---|---|---|---|---|---|---|---|---|---|---|---|---|

Code No. ਕੋਡ ਨੰ. **62/SS/N/P**

Set **A**

# PUNJABI
# ਪੰਜਾਬੀ
# (310)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿੱਤੀ** ______________________

**Signature of Invigilators**
**ਨਿਰੀਖਕਾਂ ਦੇ ਦਸਖ਼ਤ**
1. ______________________
2. ______________________

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉਤੱਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ।
3. ਆਬਜੈਕਟਿਵ ਟਾਇਪ ਪ੍ਰਸ਼ਨ ਜਿਹਨਾ ਦੇ ਚਾਰ ਵਿਕਲਪ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਣਾ ਹੈ। ਸਾਰੇ ਪ੍ਰਸ਼ਨ ਪੱਤਰ ਵਿੱਚ ਆਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹੈ ਕਿਉਂਕਿ ਹੋਰ ਅਲੱਗ ਸਮਾਂ ਨਹੀ ਦਿੱਤਾ ਜਾਵੇਗਾ।
4. ਕੋਈ ਵੀ ਨਿਸ਼ਾਨ ਜਾ ਰੋਲ ਨੰਬਰ ਉਤੱਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ।
5. ਉਤੱਰ ਪੁਸਤਿਕਾ ਦੇ ਪ੍ਰਸ਼ਨ ਪੁਸਤਿਕਾ ਦਾ ਨੰਬਰ **62/SS/N/P-A** ਜ਼ਰੂਰ ਲਿਖੋ।



Unnati Educations
9899436384, 9654279279

# PUNJABI
# ਪੰਜਾਬੀ
# (310)

Time : **3** Hours ] [ Maximum Marks : **100**

ਸਮਾਂ : **3** ਘੰਟੇ ] [ ਕੁਲ ਅੰਕ : **100**

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉਤੱਰ ਜ਼ਰੁਰੀ ਹਨ। ਅੰਕ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ।

(ii) ਪ੍ਰਸ਼ਨ ਨੰ: (24) ਤੇ ਵਿਕਲਪ ਦਿੱਤੇ ਗਏ ਹਨ।

(iii) ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।

**ਹੇਠ ਲਿਖੇ ਪ੍ਰਸ਼ਨਾ ਦੇ ਉਤੱਰ ਇੱਕ ਵਾਕ ਵਿੱਚ ਲਿਖੋ:** **8x1=8**

**1.** " ਖਸਮੈ ਭਾਵੈ ਉਹੋ ਚੰਗੀ ਜਿ ਕਰੇ ਖੁਦਾਇ ਖੁਦਾਇ" ਗੁਰੂ ਨਾਨਕ ਦੇਵ ਜੀ ਕੀ ਸ਼ਪਸ਼ਟ ਸੰਦੇਸ਼ ਦੇ ਰਹੇ ਹਨ ?

**2.** "ਆ ਖ਼ਸਮਾ ਖਾਵਿਆ। ਤੂੰ ਲਗੈ ਹੁਣ ਉਨਾ ਭੇ ਲਿਆਉਣ" ? ਇਹ ਗੱਲ ਕੋਣ ਕਿਸ ਨੂੰ ਕਹਿ ਰਿਹਾ ਹੈ ?

**3.** 'ਪੇਸੀ ਦੇ ਨਿਆਣੇ' ਕਹਾਣੀ ਵਿੱਚ ਡਰ ਨੂੰ ਦਬਾਣ ਲਈ ਭੈਣ ਨੇ ਕਿਹੜਾ ਤਰੀਕਾ ਵਰਤਣਾ ਚਾਹਿਆ ?

**4.** ਇਕਾਂਗੀ ਦਾ ਪਾਤਰ ਰਾਮੂ ਬਿਹਾਰੀ ਮਜਦੂਰ ਇਕੱਠੇ ਕੀਤੇ ਪੈਸਿਆਂ ਨਾਲ ਕੀ ਕਰਨਾ ਚਾਹੁੰਦਾ ਹੈ ?

**5.** 'ਵੇਈ' ਪ੍ਰਵੇਸ਼ ਸਾਖੀ ਅਨੁਸਾਰ ਪ੍ਰੇਮਸ਼ਰ ਦੇ ਸੇਵਕ ਬਾਬੇ ਨਾਨਕ ਨੂੰ ਕਿੱਥੇ ਲੈ ਗਏ ਸਨ ?

**6.** ਕੀ 'ਅਖਾਣ' ਦੀ ਵਰਤੋਂ ਇੱਕ ਵਾਕ ਸੁਣਾਕੇ ਕੀਤੀ ਜਾ ਸਕਦੀ ਹੈ ?

**7.** ਲੋਕਗੀਤ ਕੀ ਹੁੰਦੇ ਹਨ ?

**8.** ਕੀ ਗੁਰਮੁਖੀ ਅਖਰਾਂ ਦੀ ਦੂਹਰੀ ਵਰਤਾ ਜਾਂ ਪੈਰ ਵਿੱਚ ਦੁਤ ਅੱਖਰ ਦੀ ਵਰਤੋਂ ਦੀ ਮਜ਼ਬੂਰੀ ਹੈ ?

**ਹੇਠ ਲਿਖੇ ਪ੍ਰਸ਼ਨਾ ਦੇ ਉਤੱਰਾਂ ਲਈ ਸਹੀ ਵਿਕਲਪ ਚੁਣਕੇ ਆਪਣੀ ਉਤੱਰ ਪੁਸਤਕਾ ਵਿੱਚ ਲਿਖੋ :** **10x1=10**

**9.** ਬਾਬਾ ਫਰੀਦ ਜੀ ਬਾਹਰੀ ਦਿਖਾਵੇ ਵਾਲੀ ਧਾਰਮਿਕਤਾ ਦਾ :

(A) ਸ਼ਮਰਥਨ ਕਰਦੇ ਹਨ (B) ਪ੍ਰਚਾਰ ਕਰਦੇ ਹਨ (C) ਵਿਰੋਧ ਨਹੀ ਕਰਦੇ (D) ਖੰਡਨ ਕਰਦੇ ਹਨ।



Unnati Educations
9899436384, 9654279279

**10.** ਅੰਮ੍ਰਿਤਾ ਪ੍ਰੀਤਮ ਨੇ ਵਾਰਸ਼ ਸ਼ਾਹ ਕਵਿਤਾ ਵਿੱਚ 'ਮਦਾਰੀ' ਕਿਨਾਂ ਨੂੰ ਕਿਹਾ ਹੈ :

(A) ਅਧਿਆਪਕਾਂ ਨੂੰ। (B) ਐਕਟਰਾਂ ਨੂੰ। (C) ਲੀਡਰਾਂ ਨੂੰ। (D) ਲੋਕਾਂ ਨੂੰ।

**11.** ਭੂਆ ਦੇ ਘਰ ਜਾਣ ਤੋਂ ਪਹਿਲਾ ਲੇਖਕ ਕਿੱਥੇ ਗਿਆ ਸੀ ?

(A) ਦਫਤਰ ਦੇ ਕੰਮ ਸ਼ਹਿਰ।

(B) ਕਿਸੇ ਮਿੱਤਰ ਨੂੰ ਮਿਲਣ ਗਿਆ ਸੀ।

(C) ਆਪਣੇ ਇੱਕ ਰਿਸ਼ਤੇਦਾਰ ਦੇ ਮੁੰਡੇ ਦੀ ਸਾਦੀ ਤੇ ਗਿਆ ਸੀ ।

(D) ਆਪਣੇ ਸੁਸਰਾਲ ਗਿਆ ਸੀ ।

**12.** ਭਾਈ ਘਨ੍ਹਈਆ ਜੀ ਦੀ ਸਾਖੀ ਗੁਰੂ ਗੋਬਿੰਦ ਸਿੰਘ ਜੀ ਦੇ ਕਿਸ ਯੁੱਧ ਨਾਲ ਸੰਬੰਧਤ ਹੈ :

(A) ਚਿੱਪੜ ਚਿੱੜੀ ਦਾ ਯੁੱਧ (B) ਸਰਸੇ ਦਾ ਯੁੱਧ (C) ਚਮਕੌਰ ਦਾ ਯੁੱਧ (D) ਭੰਗਾਣੀ ਦਾ ਯੁੱਧ

**13.** 'ਮੁਕਤਸਰ'ਦਾ ਮੇਲਾ ਕਿਹੜੇ ਗੁਰੂ ਜੀ ਨਾਲ ਸੰਬੰਧਤ ਹੈ ?

(A) ਗੁਰੂ ਅੰਗਦ ਦੇਵ ਜੀ। (B) ਗੁਰੂ ਅਰਜਨ ਦੇਵ ਜੀ।

(C) ਗੁਰੂ ਗੋਬਿੰਦ ਸਿੰਘ ਜੀ। (D) ਗੁਰੂ ਤੇਗ ਬਹਾਦਰ ਜੀ ।

**14.** ਇਕਾਂਗੀ ਵਿੱਚ ਬਾਬਾ ਜੀ ਕੁਲਦੀਪ ਦੇ ਕੀ ਲਗਦੇ ਹਨ :

(A) ਮਾਮਾ ਜੀ (B) ਚਾਚਾ ਜੀ (C) ਬਾਪੂ ਜੀ (D) ਤਾਇਆ ਜੀ

**15.** ਪੰਜਾਬ ਵਿੱਚ ਸਭ ਤੋਂ ਵਧ ਸਰਦੀ ਕਿਹੜੇ ਮਹੀਨੇ ਵਿੱਚ ਪੈਂਦੀ ਹੈ :

(A) ਮਾਘ (B) ਫੱਗਣ (C) ਪੋਹ (D) ਕੱਤਕ

**16.** ਬਣਤਰ ਦੇ ਹਿਸਾਬ ਨਾਲ ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ।

(A) ਚਾਰ (B) ਦੋ (C) ਪੰਜ (D) ਤਿੰਨ

**17.** ਪ੍ਰਕਾਸ਼ ਸਬਦ ਦਾ ਸਹੀ ਵਿਰੋਧੀ ਅਰਥ ਦੇਣ ਵਾਲਣ ਸ਼ਬਦ ਚੁਣੋ :

(A) ਲੋਅ (B) ਅੰਧਕਾਰ (C) ਰੋਸ਼ਨੀ (D) ਹਨੇਰਾ

**18.** 'ਅਕਾਸ਼' ਸ਼ਬਦ ਦਾ ਸਹੀ ਸਮਾਨਾਤਰਥਕ ਸ਼ਬਦ ਚੁਣੋ :

(A) ਧਰਤੀ (B) ਪ੍ਰਮਾਤਮਾ (C) ਆਸਮਾਨ (D) ਤਾਰਾਮੰਡਲ



Unnati Educations
9899436384, 9654279279

**19. ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਆਪਣੀ ਪਾਠ-ਪੁਸਤਕਾ ਦੇ ਧਾਰਾਂ ਦੇ ਆਧਾਰ ਤੇ 30-40 ਸ਼ਬਦਾ ਵਿੱਚ ਲਿਖੋ। 10x2=20**

(a) ਭਗਤ ਰਵੀਦਾਸ ਜੀ ਦੁਨਿਆਵੀ ਪੂਜਾ ਵਿਧੀਆਂ ਉਪੱਰ ਸਵਾਲ ਖੜਾ ਕਰਕੇ ਕੀ ਸਿੱਧ ਕਰਦੇ ਹਨ? ਇੱਕ ਪੈਰੇ ਵਿੱਚ ਲਿਖੋ :

(b) ਗੁਰੂ ਨਾਨਕ ਦੇਵ ਜੀ ਨੇ ਸ਼ੇਰ ਨੂੰ ਸੱਤਾ ਤੇ ਹਉਮੈ ਗ੍ਰਹਸਤ ਲੋਕਾਈ ਦੇ ਪ੍ਰਤੀਕ ਵਰਤੇ ਕੇ ਕੀ ਸਮਝਾਇਆ ਹੈ ?

(c) ਬਾਬੇ ਨਾਨਕ ਦੇ 'ਵੇਈ' ਦਰਿਆ ਦੇ ਉਸੇ ਘਾਟ ਤੋਂ ਤੀਜੇ ਦਿਨ ਬਾਹਰ ਆਉਣ ਤੇ ਲੋਕਾਂ ਨੂੰ ਕਿੰਝ ਮਹਿਸੂਸ ਹੋਇਆ ?

(d) 'ਲੋਕਗੀਤ' ਕਿਸੇ ਸਭਿਆਚਾਰ ਦਾ ਮੁਢਲਾ ਸਰਮਾਇਆ ਹੁੰਦੇ ਹਨ, ਇਸ ਬਾਰੇ ਇੱਕ ਪੈਰਾ ਲਿਖੋ।

(e) "ਇਹ ਅਟੈਚੀ ਉੱਥੇ ਹੀ ਵਾਪਸ ਕਰਕੇ ਆ, ਜਿਥੋਂ ਲਿਆਏ ਤਾਂ ਜੋ ਪਿੰਡ ਦੀ ਇੱਜਤ ਨੂੰ ਦਾਗ ਨਾ ਲਗੇ," ਇਹ ਸ਼ਬਦ ਇਕਾਂਗੀ ਵਿੱਚ ਕੋਣ ਕਿਸ ਨੂੰ ਰਿਹਾ ਹੈ ਤੇ ਕਿਉ ?

(f) ਪੰਜਾਬੀ ਪ੍ਰਿੰਟ ਮੀਡੀਆ ਕਿਸ ਸਮੱਸ਼ਿਆ ਨਾਲ ਜੂਝ ਰਿਹਾ ਹੈ। ਸੰਖੇਪ ਵਿੱਚ ਲਿਖੋ।

(g) "ਮੈ ਪੈਸੇ ਮੰਗਣ ਨਹੀਂ ਆਇਆ ਭਾਪਾ ਜੀ

ਕੋਲੀਵਾੜ ਕੈਂਪ ਦੇ ਮੰਦਰ ਵਿੱਚ ਮੈ ਭਜਨ ਗਾਨਾਂ ਵਾਂ"

ਤੇ ਪੰਡਤ ਮੈਨੂੰ ਦੋਵੇ ਵੇਲੇ ਰੋਟੀ ਖਵਾ ਦੇਂਦਾ ਹੈ"

ਇਹ ਸ਼ਬਦ ਕੌਣ ਕਿਸ ਨੂੰ ਕਿਸ ਵੇਲੇ ਕਹਿ ਰਿਹਾ ਹੈ।

'ਅਥਰੂਡਾਇਰੀ' ਪਾਠ ਦੇ ਆਧਾਰ ਤੇ ਲਿਖੋ।

(h) 'ਪੇਸੀ ਦੇ ਨਿਆਣੇ' ਕਹਾਣੀ ਦੇ ਲੇਖਕ ਅਨੁਸਾਰ ਡਰ ਬੱਚਿਆਂ ਦੇ ਸ਼ੁਭਾਅ ਦਾ ਹਿੱਸਾ ਕਿਉ ਬਣਦਾ ਹੈ ?

(i) ਕਹਾਣੀਕਾਰ ਆਪਣੇ ਬੱਚੇ ਨੂੰ ਕੁਲਫੀ ਕਿਉ ਨਹੀ ਖਵਾ ਸ਼ਕਦਾ।

(j) ਭੁਆ ਨੇ ਲੇਖਕ (ਭਤੀਜੇ) ਨੂੰ ਪਛਾਣਿਆ ਕਿਉਂ ਨਹੀਂ।

**20. ਹੇਠ ਲਿਖੇ ਪ੍ਰਸ਼ਨਾ ਦੇ ਉਤੱਰ 100-125 ਸ਼ਬਦਾ ਵਿੱਚ ਲਿਖੋ : 3x5=15**

(a) 'ਵੇਈ' ਪ੍ਰਵੇਸ਼ ਵੇਲੇ ਬਾਬੇ ਨਾਨਕ ਨੂੰ ਪਰਮੇਸਰ ਨੇ ਕੀ ਆਦੇਸ਼ ਦਿੱਤਾ ਤੇ ਕਿਹੜਾ ਰੁਤਬਾ ਦਿੱਤਾ ਜਿਸ ਕਾਰਨ ਬਾਬੇ ਨੇ ਘਰਬਾਰ ਹੀ ਤਿਆਗ ਦਿੱਤਾ।

(b) ਸ੍ਰ. ਗੁਰਬਖ਼ਸ਼ ਸਿੰਘ "ਮੇਰੇ ਦਾਦੀ ਦੀ" ਲੇਖ ਵਿੱਚ ਲਿਖਦ ਹਨ ਕਿ ਦਾਦੀ ਜੀ ਨੂੰ ਮਿੱਠੇ-ਮਿਠੇ ਵਹਿਮਾ ਭਰਮਾ ਵਿੱਚ ਵਿਸ਼ਵਾਸ ਸੀ, ਉਹ ਮਿੱਠੇ-ਮਿੱਠੇ ਵਿਸ਼ਵਾਸ ਕਿਹੜੇ ਸਨ ?

(c) 'ਭਾਈ ਘਨੁਈਆ ਜੀ' ਇਕਾਂਗ ਦਾ ਵਿੱਸ਼ਾ-ਵਸਤੂ ਕੀ ਹੈ ?

**21. ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 150-175 ਸ਼ਬਦਾ ਵਿੱਚ ਲਿਖੋ : 8x2=16**

(a) ਫ਼ੀਰੋਜ਼ਦੀਨ ਸ਼ਰਫ ਦੇ 'ਗੀਤ ਪੰਜਾਬ' ਦਾ ਸਾਰ ਆਪਣੇ ਸ਼ਬਦਾ ਵਿੱਚ ਲਿਖੋ।

(b) ਭਾਰਤ ਵਿੱਚ ਰੇਡੀਉ ਦੀ ਸ਼ੁਰੂਆਤ ਤੋਂ ਲੈਕੇ ਹੁਣ ਤੱਕ ਕਿਹੜੀਆ ਚਾਰ ਸੇਵਾਵਾਂ ਚਲ ਰਹੀਆ ਹਨ ਉਨ੍ਹਾਂ ਬਾਰੇ ਵਿਸਥਾਰ ਨਾਲ ਲਿਖੋ :



Unnati Educations
9899436384, 9654279279

**22.** **ਹੇਠ ਲਿਖੇ ਵਿਸਿਆਂ ਵਿੱਚੋ ਕਿਸੇ ਇੱਕ ਵਿਸ਼ੇ ਉੱਤੇ ਲਗਬਰ 200 ਸ਼ਬਦਾ ਭਾਵਪੂਰਤ ਲੇਖ ਲਿਖੋ।** **10**

(a) ਮਿਠਤੁ ਨਿਵੀ ਨਾਨਕਾ ਗੁਣ ਚੰਗਿਆਈਆ ਤਤੁ।

(b) ਸਮੇਂ ਦੀ ਕਦਰ।

(c) ਸਮਾਜ ਵਿੱਚ ਇਸਤਰੀ ਦਾ ਸਥਾਨ।

(d) ਨਸ਼ਾ ਬੰਦੀ।

**23.** ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖਕੇ ਧਾਰਮਕ ਅਦਾਰਿਆ ਵੱਲੋਂ ਬੇ ਲੋੜੇ ਲਾਊਡ ਸਮੀਪਰ ਬੰਦ ਕਰਨ ਲਈ ਅਪੀਲ ਕਰੋ। **6**

**ਜਾਂ**

ਸੈਮਸੰਗ ਕੰਪਨੀ ਦੇ ਮੈਨੇਜਰ ਨੂੰ ਪੱਤਰ ਲਿਖੋ ਕਿ ਆਪ ਨੇ ਪਿਛਲੇ ਮਹੀਨੇ ਨਵਾਂ ਟੀ.ਵੀ. ਸੈਂਟ ਖਰੀਦਿਆ ਸੀ। ਉਹ ਠੀਕ ਨਹੀਂ ਚੱਲ ਰਿਹਾਂ। ਜਾਂ ਤਾਉਸ ਦੀ ਧੁਰੰਸਤ ਕਰੋ ਜਾਂ ਫਿਰ ਸ਼ੈਂਟ ਹੀ ਬਦਲ ਦੇਵੋ। ਇਹ ਕੰਮ ਛੇਤੀ ਤੋਂ ਛੇਤੀ ਕਰਵਾ ਦੇਵੋ।

**ਵਿਕਲਪ–I**

**(ਅਨੁਵਾਦ)**

**24.** **ਹੇਠ ਲਿਖੇ ਪ੍ਰਸ਼ਨਾ ਦੇ ਉਤੱਰ 100-125 ਸ਼ਬਦਾ ਵਿੱਚ ਲਿਖੋ :** **3x5=15**

(a) ਪ੍ਰਾਚੀਨ ਕਾਲ ਤੋਂ ਹੀ ਵਿਸ਼ਵ ਅੰਦਰ ਅਨੁਵਾਦ ਦੀ ਇੱਕ ਸੁਹਿਰਦ ਪਰੰਪਰਾ ਰਹੀ ਹੈ। ਇਸ ਬਾਰੇ 100-125 ਸ਼ਬਦਾ ਵਿੱਚ ਲਿਖੋ :

(b) ਅੱਜ ਵਸ਼ਤਾ ਦੀ ਮਸ਼ਹੂਰੀ ਲਈ ਨਵੇ-ਨਵੇ ਢੰਗ ਕੱਡੇ ਜਾ ਰਹੇ ਹਨ। ਇਸ ਬਾਰੇ 100-125 ਸ਼ਬਦਾ ਵਿੱਚ ਲਿਖੋ।

(c) ਕਿਸੇ ਮੌਖਿਕ ਅਨੁਵਾਦ ਨੂੰ ਕਰਨ ਲਈ ਕਿਹੜੀਆ ਗੱਲਾ ਦਾ ਧਿਆਨ ਰਖਣਾ ਜਰੂਰੀ ਹੈ ?

**ਜਾਂ**

**ਵਿਕਲਪ–II**

**(ਪੰਜਾਬੀ ਸਿਨੇਮਾ)**

(a) ਸਿਨੇਮਾ ਵੱਧੇਰੇ ਕਲਾਵਾਂ ਦਾ ਸੁਮੇਲ ਹੈ ਕਿਵੇਂ ? ਇਸ ਬਾਰੇ ਇੱਕ ਪੈਰਾ ਲਿਖੋ। **3x5=15**

(b) ਪੰਜਾਬੀ ਸਭਿਆਚਾਰ ਪੰਜਾਬ ਦੇ ਪੰਜ ਦਰਿਆਵਾਂ ਦੀ ਪੈਦਾਵਾਰ ਹੈ। ਇਸ ਬਾਰੇ ਇੱਕ ਪੈਰਾ ਲਿਖੋ।

(c) ਆਧੁਨਿਕ ਪੰਜਾਬੀ ਨਾਟਕ ਨੂੰ ਠੀਕ ਰਸਤੇ ਬੀਚ ਤੇ ਪਾਉਣ ਵਿੱਚ ਕਿਸ ਦਾ ਵੱਡਾ ਯੋਗ ਦਾਨ ਹੈ।

**- o O o -**



Unnati Educations
9899436384, 9654279279